# ਜਗ ਬਾਣੀ

**Sun, 03 April 2022**


# ਹੁਣ ਮਰਦਮਸ਼ੁਮਾਰੀ ਆਨਲਾਈਨ ਇਲੈਕਟ੍ਰਾਨਿਕ ਫਾਰਮ ਦੇ ਨਾਲ

**ਸੌਖਾ** ਨਹੀਂ ਹੁੰਦਾ ਦੂਰ-ਦਰਾਜ ਦੇ ਇਲਾਕੇ 'ਚ ਘਰ-ਘਰ 'ਚ ਦਸਤਕ ਦੇ ਕੇ ਲੋਕਾਂ ਦੀ ਗਿਣਤੀ ਕਰਨੀ। ਹਰ 10 ਸਾਲ 'ਚ ਕੀਤੀ ਜਾਣ ਵਾਲੀ ਮਰਦਮਸ਼ੁਮਾਰੀ 'ਚ ਲਗਭਗ 20 ਲੱਖ ਸਰਕਾਰੀ ਕਰਮਚਾਰੀ ਲੱਗਦੇ ਹਨ। ਪਿੰਡ ਹੋਵੇ ਜਾਂ ਕਸਬਾ, ਨਗਰ ਹੋਵੇ ਜਾਂ ਮਹਾਨਗਰ ਆਖਿਰ ਹਰੇਕ ਭਾਰਤੀ ਦੇ ਘਰ-ਘਰ ਦਸਤਕ ਦੇ ਕੇ ਲੋਕਾਂ ਦੀ ਗਿਣਤੀ ਕਰਨਾ ਕਰਮਚਾਰੀਆਂ ਲਈ ਬੇਹੱਦ ਹੀ ਔਖਾ ਹੁੰਦਾ ਹੈ।

ਉਂਝ ਤਾਂ ਸਾਲ 2011 ਦੇ ਉਪਰੰਤ ਇਹ ਮਰਦਮਸ਼ੁਮਾਰੀ ਸਾਲ 2021 'ਚ ਸੰਪੰਨ ਹੋਣੀ ਸੀ ਪਰ ਵਿਸ਼ਵ ਪੱਧਰੀ ਕੋਰੋਨਾ ਮਹਾਮਾਰੀ ਕਾਰਨ ਸੰਭਵ ਨਹੀਂ ਹੋ ਸਕੀ। ਇਸ ਲਈ ਭਾਰਤ ਸਰਕਾਰ ਦੇ ਕੇਂਦਰੀ ਗ੍ਰਹਿ ਮੰਤਰਾਲਾ ਨੇ ਹੋਣ ਵਾਲੀ 16ਵੀਂ ਮਰਦਮਸ਼ੁਮਾਰੀ 2021 'ਚ ਵਿਸ਼ੇਸ਼ ਤੌਰ 'ਤੇ ਭਾਰਤੀ ਨਾਗਰਿਕਾਂ ਦੀ ਗਿਣਤੀ ਲਈ ਵਧੀਆ ਆਨਲਾਈਨ ਸਹੂਲਤ ਨੂੰ ਸ਼ਾਮਲ ਕੀਤਾ ਹੈ ਅਤੇ ਨਾਗਰਿਕਾਂ ਨੂੰ ਆਨਲਾਈਨ ਸਵੈ-ਗਿਣਤੀ ਦਾ ਅਧਿਕਾਰ ਦੇਣ ਲਈ ਮਰਦਮਸ਼ੁਮਾਰੀ ਦੇ ਨਿਯਮਾਂ 'ਚ ਮਹੱਤਵਪੂਰਨ ਤਬਦੀਲੀਆਂ ਵੀ ਕੀਤੀਆਂ ਹਨ।

ਮਰਦਮਸ਼ੁਮਾਰੀ 'ਸੋਧ' 2022 ਅਨੁਸਾਰ ਰਵਾਇਤੀ ਢੰਗ ਨਾਲ ਮਰਦਮਸ਼ੁਮਾਰੀ ਘਰ-ਘਰ ਜਾ ਕੇ ਸਰਕਾਰੀ ਕਰਮਚਾਰੀ ਤਾਂ ਕਰਨਗੇ ਹੀ ਪਰ ਹੁਣ ਭਾਰਤ ਦੇ ਨਾਗਰਿਕ ਸਵੈ-ਗਿਣਤੀ ਰਾਹੀਂ ਵੀ ਅਨੁਸੂਚੀ ਫਾਰਮ ਭਰ ਸਕਦੇ ਹਨ। ਇਸ ਦੇ ਲਈ ਪਹਿਲਾਂ ਦੇ ਨਿਯਮਾਂ 'ਚ 'ਇਲੈਕਟ੍ਰਾਨਿਕ ਫਾਰਮ' ਸ਼ਬਦ ਜੋੜ ਦਿੱਤਾ ਗਿਆ ਹੈ ਜੋ ਕਿ ਸੂਚਨਾ ਤਕਨਾਲੋਜੀ ਕਾਨੂੰਨ 2000 ਦੀ ਧਾਰਾ-2 ਦੀ ਉਪ ਧਾਰਾ-1 ਦੇ ਸੈਕਸ਼ਨ 'ਆਰ' 'ਚ ਦਿੱਤਾ ਗਿਆ ਹੈ। ਇਸ ਦੇ ਅਧੀਨ ਮੀਡੀਆ, ਮੈਗਨੈਟਿਕ, ਕੰਪਿਊਟਰ ਵਾਲੀ ਮਾਈਕ੍ਰੋਚਿਪ ਜਾਂ ਫਿਰ ਇਸ ਤਰ੍ਹਾਂ ਦਾ ਹੋਰ ਯੰਤਰ 'ਚ ਤਿਆਰ ਕਰ ਕੇ ਭੇਜੀ ਜਾਂ ਇਕੱਠੀ ਕੀਤੀ ਗਈ ਜਾਣਕਾਰੀ ਨੂੰ ਇਲੈਕਟ੍ਰਾਨਿਕ ਫਾਰਮ 'ਚ ਦਿੱਤੀ ਗਈ ਜਾਣਕਾਰੀ ਮੰਨਿਆ ਜਾਵੇਗਾ ਭਾਵ ਕਿ ਹੁਣ ਨਵੇਂ ਭਾਰਤ ਦੀ ਜਨਤਾ ਘਰ-ਘਰ 'ਚ ਮੁਹੱਈਆ ਆਪਣੇ ਐਂਡ੍ਰਾਇਡ ਮੋਬਾਇਲ ਰਾਹੀਂ ਵੀ ਆਪਣੀ ਗਿਣਤੀ ਦਰਜ ਕਰ ਸਕਦੀ ਹੈ।

ਹਾਲਾਂਕਿ ਸਰਕਾਰੀ ਕਰਮਚਾਰੀ ਘਰ-ਘਰ ਜਾ ਕੇ ਬੜੀ ਹੀ ਸੂਝਬੂਝ ਨਾਲ ਮਰਦਮਸ਼ੁਮਾਰੀ ਕਰਨਗੇ ਅਤੇ ਜੇਕਰ ਇਸ ਵਾਰ ਆਨਲਾਈਨ ਮਰਦਮਸ਼ੁਮਾਰੀ ਦੀ ਵਰਤੋਂ ਸਫਲ ਰਹੀ ਤਾਂ ਸੰਭਵ ਹੈ ਕਿ ਸਾਲ 2031 ਦੀ ਮਰਦਮਸ਼ੁਮਾਰੀ ਪੂਰੀ ਤਰ੍ਹਾਂ ਆਨਲਾਈਨ ਆਧਾਰਿਤ ਹੋਵੇਗੀ ਅਤੇ 10 ਸਾਲਾ ਮਰਦਮਸ਼ੁਮਾਰੀ ਦੀ ਇਕ ਬੋਝ ਵਾਲੀ ਪਰੰਪਰਾ ਪੂਰੀ ਤਰ੍ਹਾਂ ਖਤਮ ਹੋ ਕੇ ਦੇਸ਼ ਕੋਲ ਪ੍ਰਤੀ ਦਿਨ ਹਰੇਕ ਗ੍ਰਾਮ ਸਭਾ, ਨਗਰ ਜਾਂ ਮਹਾਨਗਰ ਤੋਂ ਜ਼ਿੰਦਗੀ-ਮੌਤ ਦੀ ਗਿਣਤੀ ਦੇ ਸਟੀਕ ਤੇ ਭਰੋਸੇਯੋਗ ਅੰਕੜੇ ਮਿਲਦੇ ਰਹਿਣਗੇ।




**ਪ੍ਰਿੰ. ਡਾ. ਮੋਹਨ ਲਾਲ ਸ਼ਰਮਾ**


ਅੱਜ ਦੀ ਤੇਜ਼ ਭੱਜਦੀ ਕੰਪਿਊਟਰ ਵਾਲੀ ਜ਼ਿੰਦਗੀ 'ਚ ਆਨਲਾਈਨ ਮਰਦਮਸ਼ੁਮਾਰੀ ਦੀ ਇਸ ਤਰਕੀਬ ਨੂੰ ਅਪਣਾਉਣਾ ਕਾਫੀ ਲਾਭਦਾਇਕ ਹੋਵੇਗਾ। ਸੰਯੁਕਤ ਰਾਸ਼ਟਰ ਅਨੁਸਾਰ ਦੁਨੀਆ ਦੀ ਆਬਾਦੀ ਲਗਭਗ 700 ਕਰੋੜ ਹੋ ਚੁੱਕੀ ਹੈ ਅਤੇ ਇਹੀ ਅੰਕੜਾ ਸਾਲ 2050 'ਚ 10 ਅਰਬ ਤੱਕ ਪਹੁੰਚ ਸਕਦਾ ਹੈ। ਇਸ ਆਬਾਦੀ ਦਾ 50 ਫੀਸਦੀ ਤੋਂ ਵੀ ਵੱਧ ਹਿੱਸਾ ਮਹਿਜ਼ 9 ਦੇਸ਼ਾਂ ਭਾਰਤ, ਚੀਨ, ਪਾਕਿਸਤਾਨ, ਬੰਗਲਾਦੇਸ਼, ਨਾਈਜੀਰੀਆ, ਕਾਂਗੋ, ਇਥੋਪੀਆ ਅਤੇ ਤਨਜਾਨੀਆ 'ਚ ਹੋਵੇਗਾ।

ਆਬਾਦੀ ਵਾਧਾ ਦਰ ਦਾ ਮੁਲਾਂਕਣ ਕਰਨ ਵਾਲੇ ਮਾਹਿਰਾਂ ਦਾ ਮੰਨਣਾ ਤਾਂ ਇੱਥੋਂ ਤੱਕ ਹੈ ਕਿ ਭਾਰਤ 'ਚ ਹਰ ਸਾਲ ਲਗਭਗ 1.60 ਕਰੋੜ ਆਬਾਦੀ ਵਧ ਜਾਂਦੀ ਹੈ। ਇਸ ਆਬਾਦੀ ਦਰ ਅਨੁਸਾਰ ਸਾਨੂੰ ਆਪਣੇ ਦੇਸ਼ ਦੇ ਲਗਭਗ 1 ਅਰਬ 30 ਕਰੋੜ ਲੋਕਾਂ ਦੀ ਇਕ ਯਕੀਨੀ ਆਬਾਦੀ ਫਾਰਮ 'ਚ ਗਿਣਤੀ ਕਰਨੀ ਹੈ ਤਾਂ ਕਿ ਵਿਅਕਤੀਆਂ ਅਤੇ ਸੋਮਿਆਂ 'ਚ ਸਮਤੁਲਨਾ ਦੀ ਆਰਥਿਕ ਤੇ ਰੋਜ਼ਗਾਰਮੂਲਕ ਵਿਕਾਸ ਦੀ ਰੇਖਾ ਖਿੱਚੀ ਜਾ ਸਕੇ।




ਆਬਾਦੀ ਦਾ ਇਹ ਅੰਕੜਾ ਭਾਰਤ ਦੇ ਭਵਿੱਖ ਦੇ ਵਿਕਾਸ ਦੀ ਕਸੌਟੀ 'ਤੇ ਖਰਾ ਉਤਰੇ ਜਿਸ ਦਾ ਮੂਲ ਆਧਾਰ ਵਿਗਿਆਨਕ ਢੰਗ ਨਾਲ ਕੀਤੀ ਗਈ ਸਟੀਕ ਮਰਦਮਸ਼ੁਮਾਰੀ ਹੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਮਰਦਮਸ਼ੁਮਾਰੀ ਨੂੰ ਇਕ ਅਜਿਹੇ ਸਰੂਪ 'ਚ ਬਦਲਿਆ ਜਾਵੇ ਜਿਸ ਨਾਲ ਇਸ ਗਿਣਤੀ 'ਚ ਲਗਾਤਾਰਤਾ ਬਣੀ ਰਹੇ ਅਤੇ ਹਰੇਕ ਮਹੀਨੇ ਸਟੀਕ ਮਰਦਮਸ਼ੁਮਾਰੀ ਦਾ ਸਹੀ ਅੰਕੜਾ ਹਾਸਲ ਹੋ ਸਕੇ। ਜਿਵੇਂ ਮੁੱਢਲੇ ਪੱਧਰ 'ਤੇ ਤਾਂ ਹਰੇਕ ਪਰਿਵਾਰ ਨੂੰ ਇਕਾਈ ਮੰਨ ਕੇ ਪਿੰਡ ਦੇ ਮੁਖੀਆ, ਸਰਪੰਚ, ਸਕੱਤਰ ਅਤੇ ਪਟਵਾਰੀ ਨੂੰ ਇਹ ਜ਼ਿੰਮੇਵਾਰੀ ਸੌਂਪੀ ਜਾਵੇ ਕਿ ਉਹ ਆਪਣੇ-ਆਪਣੇ ਪਿੰਡ ਦੇ ਹਰ ਪਰਿਵਾਰ ਦੇ ਹਰੇਕ ਮੈਂਬਰ ਦਾ ਨਾਂ ਅਤੇ ਹੋਰ ਜ਼ਰੂਰੀ ਜਾਣਕਾਰੀ ਫਾਰਮ ਅਨੁਸਾਰ ਦਰਜ ਕਰਦਾ ਜਾਵੇ ਜਿਸ ਨਾਲ ਉਨ੍ਹਾਂ ਦੇ ਪਿੰਡ ਦੀ ਮਰਦਮਸ਼ੁਮਾਰੀ ਦਾ ਸਪਤਾਹਿਕ, 15 ਰੋਜ਼ਾ ਅਤੇ ਮਾਸਿਕ ਸਟੀਕ ਅੰਕੜਾ ਹਾਸਲ ਹੁੰਦਾ ਰਹੇ।

ਮਰਦਮਸ਼ੁਮਾਰੀ ਦੀ ਇਸ ਪ੍ਰਣਾਲੀ ਤੋਂ ਕੋਈ ਵੀ ਵਾਂਝਾ ਨਹੀਂ ਰਹਿ ਸਕੇਗਾ ਕਿਉਂਕਿ ਮਰਦਮਸ਼ੁਮਾਰੀ ਕਰਨ ਵਾਲੇ ਲੋਕ ਸਥਾਨਕ ਹਨ ਅਤੇ ਅਜਿਹੇ 'ਚ ਪ੍ਰਤੀ ਮਹੀਨਾ ਹਰੇਕ ਪਿੰਡ ਜਾਂ ਕਸਬੇ 'ਚ ਜਨਮ-ਮੌਤ ਦਾ ਸਟੀਕ ਅੰਕੜਾ ਸਰਕਾਰੀ ਰਜਿਸਟਰ 'ਚ ਹਰੇਕ ਮਹੀਨੇ ਦਰਜ ਹੁੰਦਾ ਰਹੇਗਾ। ਦੇਸ਼ ਦੇ ਨਗਰ ਤੇ ਮਹਾਨਗਰ ਵੱਖ-ਵੱਖ ਵਾਰਡਾਂ 'ਚ ਵੰਡੇ ਹੋਏ ਹਨ, ਇਸ ਲਈ ਵਾਰਡ ਵਾਰ ਮਰਦਮਸ਼ੁਮਾਰੀ ਦੀ ਵੀ ਇਹੀ ਪ੍ਰਣਾਲੀ ਅਪਣਾਈ ਜਾਵੇ, ਜਿਸ ਨਾਲ ਦੇਸ਼ ਦੀ ਮਰਦਮਸ਼ੁਮਾਰੀ ਦਾ ਵਿਗਿਆਨਕ, ਪ੍ਰਮਾਣਿਕ ਅਤੇ ਡਿਜੀਟਲ ਅੰਕੜਾ ਮਿਲਦਾ ਰਹੇਗਾ।

*ਇਕ ਕੰਮ ਕਰੋ, ਮਰਦਮਸ਼ੁਮਾਰੀ 'ਚ ਸ਼ਾਮਲ ਹੋ ਜਾਓ।*
*ਕੱਲ ਦੀ ਹਰ ਯੋਜਨਾ ਦਾ ਬਿਹਤਰ ਆਧਾਰ ਬਣਾਓ।*


drmlsharma5@gmail.com